P01
Uni

# ਗੁਰਬਾਣੀ ਅਨੁਸਾਰ ਵਧਾਈ ਦੇਣ ਦੀ ਸਮਰਥਾ, ਸਿਰਫ ਸਤਿਗੁਰੂ ਜਾਂ ਅਕਾਲ ਪੁਰਖੁ ਦੇ ਹੱਥ ਵਿਚ ਹੈ, ਆਮ ਮਨੁੱਖ ਦੇ ਹੱਥ ਵਿਚ ਕੁਝ ਵੀ ਨਹੀਂ ਹੈ

## According to Gurbani the authority of granting Congratulation lies in the hands of Akal Purkh and SatGuru only. Common man does not have any authority

**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥ ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥** {੯੧੭}

ਸਤਿਗੁਰੂ ਦੀ ਕਿਰਪਾ ਨਾਲ ਹੀ ਮਨ ਵਿਚ ਸ਼ਾਂਤੀ ਆ ਸਕਦੀ ਹੈ, ਤੇ ਵਧਾਈ ਵਜ ਸਕਦੀ ਹੈ। ਸਤਿਗੁਰੂ ਦੀ ਕਿਰਪਾ ਨਾਲ ਹੀ ਉਸ ਬੇਅੰਤ ਅਕਾਲ ਪੁਰਖੁ ਦਾ ਮਿਲਾਪ ਹੋ ਸਕਦਾ ਹੈ।

**ਸੰਤ ਪ੍ਰਸਾਦਿ ਤਰੇ ਭਵਜਲੁ ਪੂਰਬਿ ਲਿਖਿਆ ਪਾਇਆ ॥ ਵਜੀ ਵਧਾਈ ਮਨਿ ਸਾਂਤਿ ਆਈ ਮਿਲਿਆ ਪੁਰਖੁ ਅਪਾਰੀ ॥** {੫੪੪}

ਗੁਰੂ ਦੇ ਸਬਦ ਦੁਆਰਾ ਆਪਣੇ ਮਨ ਅੰਦਰ ਅਕਾਲ ਪੁਰਖੁ ਵਰਗੇ ਗੁਣ ਪੈਦਾ ਕਰਨ ਨਾਲ ਹੀ ਭਲਾ ਹੋ ਸਕਦਾ ਹੈ

**ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ॥ ਪੂਰੇ ਗੁਰ ਕੈ ਸਬਦਿ ਸਮਾਹਿ ॥੧॥ ਰਹਾਉ ॥ ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥ ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ** ॥੨॥ (੩੬੧)

ਗੁਰਮਤਿ ਦੀ ਖੋਜ ਸਬੰਧੀ ਹੋਰ ਵਿਸ਼ਿਆਂ ਤੇ ਜਾਣਕਾਰੀ ਹਾਸਲ ਕਰਨ ਲਈ ਕਿਰਪਾ ਕਰਕੇ ਇਸ ਲਿੰਕ ਤੇ ਕਲਿਕ ਕਰੋ ਜੀ

https://gurmat-research.com/
http://www.geocities.ws/sarbjitsingh/,

P02
Uni

# ਸ਼ੁਭਕਾਮਨਾਵਾਂ ਭੇਜਣ ਨਾਲ ਕੁਝ ਨਹੀਂ ਹੋਣਾ ਹੈ, ਉਸ ਲਈ ਉਪਰਾਲੇ ਕਰਨੇ ਹਨ, ਗੁੱਡ ਮੌਰਨਿੰਗ ਦੇ ਸੁਨੇਹੇ ਭੇਜਣ ਵਾਲੇ ਅੰਗਰੇਜ਼ਾ ਦੇ ਪਿਠੂ ਹਨ

## Sending greetings won't do anything, efforts have to be made for that.

## Those who send the message of “Good Morning”, are still slaves of English people

ਲੋਕ ਵਿਆਹ, ਜਨਮ ਦਿਨ, ਦਿਵਾਲੀ, ਨਵਾਂ ਸਾਲ, ਗੁਰਪੁਰਬ, ਦਿਨ ਦਿਹਾਰ ਆਦਿ ਦੀਆਂ ਬਹੁਤ ਵਧਾਈਆਂ ਜਾਂ ਮੁਬਾਰਕਾਂ ਦੇਂਦੇ ਰਹਿੰਦੇ ਹਨ। ਇਸ ਤਰ੍ਹਾਂ ਕਰਨ ਨਾਲ ਲੋਕਾਂ ਦਾ ਕੋਈ ਭਲਾ ਹੁੰਦਾ ਦਿਖਾਈ ਨਹੀਂ ਦੇਂਦਾ ਹੈ?

ਜਿਸ ਤਰ੍ਹਾਂ ਕਿ ੧ ਜਨਵਰੀ ੧੯੭੮ ਨੂੰ ਏਅਰ ਇੰਡੀਆ ਦਾ ਦੁਬਈ ਜਾਣ ਵਾਲਾ ਜਹਾਜ ੨ ਮਿੰਟਾਂ ਵਿਚ ਸਿਧਾ ਮੁੰਬਈ ਦੇ ਸਮੁੰਦਰ ਵਿਚ ਜਾ ਡਿਗਾ ਸੀ। ਜਪਾਨ ਵਿਚ ੧ ਜਨਵਰੀ ੨੦੨੪ ਨੂੰ ੭.੫ ਮਾਤਰਾ ਭੁਚਾਲ ਤੇ ਸੁਨਾਮੀ ਆਈ ਸੀ, ਜਿਸ ਨਾਲ ਕਈ ਲੋਕ ਮਾਰੇ ਗਏ ਸੀ। ਸਾਡੇ ਕਹਿੰਣ ਨਾਲ ਕੁਝ ਨਹੀਂ ਬਦਲਣਾ ਹੈ, ਸਭ ਕੁਝ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਹੁੰਦਾ ਹੈ:

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ (੧)

ਪੰਜਾਬੀ ਦੀ ਕਹਾਵਤ ਹੈ:

“ਕਾਵਾਂ ਦੇ ਕਹਿਣ ਨਾਲ ਢੱਗੇ ਮਰਨੇ ਨਹੀਂ ਸ਼ੁਰੂ ਹੋ ਜਾਂਦੇ ਹਨ”

If wishes were horses, then beggers would ride on them

ਗੁਰੂ ਸਾਹਿਬਾਂ ਨੇ ਤਾਂ ਸਾਨੂੰ ਅਕਾਲ ਪੁਰਖੁ ਦੀ ਟੇਕ ਲੈਂਣ ਲਈ ਸਿਖਿਆ ਦਿਤੀ ਸੀ, ਪਰੰਤੂ ਅਸੀਂ ਮਨੁੱਖਾਂ ਦੀ ਟੇਕ ਮਗਰ ਲੱਗ ਗਏ।

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥ (੨੮੧)

ਇਸ ਲਈ ਨਕਲੀ ਫੋਟੂਆਂ ਨਾਲ ਅਜੇਹੇ ਸੁਨੇਹੇ ਭੇਜਣੇ ਬੰਦ ਕਰ ਦਿਓ ਜੀ। ਨਾ ਤਾਂ ਗੁਰੂ ਸਾਹਿਬਾਂ ਨੂੰ ਬਦਨਾਮ ਕਰੋ ਤੇ ਨਾ ਹੀ ਆਪਣੇ ਆਪ ਨੂੰ ਗੁਮਰਾਹ ਕਰੋ

ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥ {੨੮੮-੨੮੯}

ਗੁਰਮਤਿ ਦੀ ਖੋਜ ਸਬੰਧੀ ਹੋਰ ਵਿਸ਼ਿਆਂ ਤੇ ਜਾਣਕਾਰੀ ਹਾਸਲ ਕਰਨ ਲਈ ਕਿਰਪਾ ਕਰਕੇ ਇਸ ਲਿੰਕ ਤੇ ਕਲਿਕ ਕਰੋ ਜੀ

https://gurmat-research.com/

http://www.geocities.ws/sarbjitsingh/,